# ਦਫਤਰ ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।
# ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ,ਫੇਜ਼-3ਬੀ1,ਐਸ.ਏ.ਐਸ ਨਗਰ।

(ਵੈਬਸਾਈਟ **www.educationrecruitmentboard.com**)

---

## ਪਬਲਿਕ ਨੋਟਿਸ

ਪੰਜਾਬ ਸਿੱਖਿਆ ਵਿਭਾਗ ਵੱਲੋਂ ਮਾਸਟਰ/ਮਿਸਟ੍ਰੈਸ ਕਾਡਰ ਅਧੀਨ 50 ਖੇਤੀਬਾੜੀ ਅਤੇ 70 ਹੋਮ ਸਾਇੰਸ ਦੀਆਂ ਅਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਵੱਲੋਂ, ਵਿਭਾਗ ਦੀ ਵੈਬ-ਸਾਈਟ www.educationrecruitmentboard.com ਤੇ ਮਿਤੀ 09/01/2016 ਤੱਕ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਜਿਹੜੇ ਉਮੀਦਵਾਰਾਂ ਨੇ ਇਹਨਾਂ ਅਸਾਮੀਆਂ ਲਈ ਆਨਲਾਈਨ ਅਪਲਾਈ ਕੀਤਾ ਸੀ, ਉਹਨਾਂ ਉਮਦੀਵਾਰਾਂ ਦਾ ਸਟੇਟ ਪੱਧਰ ਤੇ ਦੋ ਲਿਖਤੀ ਟੈਸਟ ਲਏ ਗਏ ਸਨ, ਜੋ ਉਮੀਦਵਾਰ ਇਸ ਟੈਸਟ ਵਿਚੋ ਪਾਸ ਹੋਏ ਹਨ, ਉਹਨਾਂ ਵਿਚੋਂ ਵਿਗਿਅਤਪਣ ਦੀਆਂ ਸ਼ਰਤਾਂ ਅਨੁਸਾਰ ਪਾਸ ਹੋਏ ਉਮੀਦਵਾਰਾਂ ਨੂੰ ਮਿਤੀ 15/06/2016 ਨੂੰ ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, ਫੇਜ 3ਬੀ1, ਐਸ.ਏ.ਐਸ ਨਗਰ ਵਿੱਖੇ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ ਸਵੇਰੇ 10.00 ਵਜੇ ਤੋਂ ਸਾਮ 3.00 ਵਜੇ ਤੱਕ ਅਸਲ ਦਸਤਾਵੇਜਾ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ, ਕੰਪਿਊਟਰ ਵਿੱਚੋਂ ਡਾਊਨ ਲੋਡ ਕੀਤਾ ਰਜਿਸਟ੍ਰੇਸਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਹੇਠਾਂ ਦਰਸਾਈ ਗਈ ਤਰਤੀਬ ਅਨੁਸਾਰ ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ

1. ਪੜਤਾਲ ਫਾਰਮ (ਵੈਬ-ਸਾਈਟ ਤੋਂ ਡਾਊਨਲੋਡ ਕਰਕੇ)।
2. ਵੈਬ-ਸਾਈਟ ਤੋਂ ਡਾਊਨਲੋਡ ਕੀਤਾ ਰਜਿਸਟਰੇਸ਼ਨ ਫਾਰਮ।
3. ਵਿੱਦਿਅਕ ਯੋਗਤਾ ਸੰਬੰਧੀ ਸਵੈ: ਘੋਸ਼ਨਾ ਪੱਤਰ।
4. ਜਨਮ ਮਿਤੀ ਸਬੰਧੀ ਦਸਵੀਂ ਦਾ ਸਰਟੀਫਿਕੇਟ।
5. ਪੰਜਾਬੀ ਪਾਸ ਦਾ ਸਬੂਤ (10ਵੀਂ ਜਾਂ ਉਚੇਰੀ ਪੱਧਰ ਤੇ)।
6. ਗ੍ਰੇਜੂਏਸ਼ਨ/ ਡਿਪਲੋਮਾ ਦੀ DMC ਅਤੇ ਡਿਗਰੀ।
7. ਬੀ.ਐਡ ਦੀ DMC ਅਤੇ ਡਿਗਰੀ ।
8. ਕੈਟਾਗਿਰੀ ਸਬੰਧੀ ਸਰਟੀਫਿਕੇਟ।
9. ਪੰਜਾਬ ਦੇ ਵਸਨੀਕ ਹੋਣ ਦਾ ਸਬੂਤ (ਉਹ ਉਮੀਦਵਾਰ ਜਿਨ੍ਹਾ ਨੇ ਕਿਸੇ ਰਿਜਰਵ ਕੈਟਾਗਿਰੀ ਵਿਚ ਅਪਲਾਈ ਕੀਤਾ ਹੈ)।
10. ਆਮਦਨ ਸਬੰਧੀ ਸਵੈ-ਘੋਸ਼ਣਾ ਪੱਤਰ (ਜਿਹੜੇ ਉਮੀਦਵਾਰਾ ਨੇ ਪਛੜੀ ਸ਼੍ਰੇਣੀ ਦੀ ਕੈਟਾਗਿਰੀ ਵਿਚ ਅਪਲਾਈ ਕੀਤਾ ਹੈ) ।

ਨੋਟ - ਉਮੀਦਵਾਰ ਉਪਰੋਕਤ ਲੜੀ ਨੰਬਰ 1 ਤੋਂ 10 ਤੱਕ ਦੇ ਸਾਰੇ ਅਸਲ ਸਰਟੀਫਿਕੇਟਾਂ/ ਦਸਤਾਵੇਜਾਂ ਨੂੰ ਸਕੈਨ ਕਰਕੇ ਇੱਕ DVD ਤਿਆਰ ਕਰਕੇ ਨਾਲ ਲਿਆਂਦੀ ਜਾਵੇ , DVD ਉਪਰ ਪੱਕੇ ਮਾਰਕਰ ਪੈਨ ਨਾਲ ਆਪਣਾ ਰਜਿਸਟਰੇਸਨ ਨੰਬਰ, ਕੈਟਾਗਰੀ ਅਤੇ ਨਾਮ ਲਿਖ ਕੇ ਫਾਈਲ ਨਾਲ ਜਮਾਂ ਕਰਵਾਉਣਗੇ।

ਨੋਟ - ਉਮੀਦਵਾਰ ਉਪਰੋਕਤ ਲੜੀ ਨੰਬਰ 1 ਤੋਂ 10 ਤੱਕ ਦੇ ਸਾਰੇ ਅਸਲ ਸਰਟੀਫਿਕੇਟਾਂ/ ਦਸਤਾਵੇਜਾਂ ਨੂੰ ਸਕੈਨ ਕਰਕੇ ਇੱਕ DVD ਤਿਆਰ ਕਰਕੇ ਨਾਲ ਲਿਆਂਦੀ ਜਾਵੇ , DVD ਉਪਰ ਪੱਕੇ ਮਾਰਕਰ ਪੈਨ ਨਾਲ ਆਪਣਾ ਰਜਿਸਟਰੇਸਨ ਨੰਬਰ, ਕੈਟਾਗਰੀ ਅਤੇ ਨਾਮ ਲਿਖ ਕੇ ਫਾਈਲ ਨਾਲ ਜਮਾਂ ਕਰਵਾਉਣਗੇ।

**ਸਕਰੂਟਨੀ ਲਈ ਮਿਤੀ 15/06/2016 ਨੂੰ ਬੁਲਾਏ ਜਾਣ ਵਾਲੇ ਉਮੀਦਵਾਰਾਂ ਦਾ ਸਡਿਊਲ ਹੇਠ ਲਿਖੇ ਅਨੁਸਾਰ ਹੈ:-**

| ਲੜੀ ਨੰ | ਵਿਸ਼ਾ | ਵੇਰਵੇ |
|---|---|---|
| 1 | ਖੇਤੀਬਾੜੀ | **ਖੇਤੀਬਾੜੀ ਵਿਸ਼ੇ ਦੇ ਸਾਰੇ ਉਮੀਦਵਾਰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ।** |
| 2 | ਹੋਮ ਸਾਇੰਸ | **ਹੋਮ ਸਾਇੰਸ ਵਿਸ਼ੇ ਦੇ ਸਾਰੇ ਉਮੀਦਵਾਰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਲਿਸਟ ਅਨੁਸਾਰ।** |

1. ਉਪਰੋਕਤ ਦਿੱਤੇ ਸਡਿਊਲ ਅਨੁਸਾਰ ਉਮੀਦਵਾਰ ਦਸਤਾਵੇਜ਼ਾਂ ਦੀ ਸਕਰੂਟਨੀ ਕਰਵਾਉਣ ਲਈ ਨਿੱਜੀ ਪੱਧਰ ਤੇ ਹਾਜਰ ਹੋਣਾ ਯਕੀਨੀ ਬਨਾਉਣ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਉਮੀਦਵਾਰ ਦੁਆਰਾ ਖੁਦ ਤਸਦੀਕੀ ਫੋਟੋ ਕਾਪੀਆਂ ਲਈਆ ਜਾਣਗੀਆ। ਇਸ ਤੋ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ੍ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. www.educationrecruitmentboard.com ਵੈਬ ਸਾਈਟ ਤੇ ਪੜਤਾਲ ਫਾਰਮ, ਸਵੈ ਘੋਸਣਾ ਪੱਤਰ ਪਾ ਦਿੱਤਾ ਗਿਆ ਹੈ । ਪੜਤਾਲ ਫਾਰਮ ਅਤੇ ਸਵੈਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।
6. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ / ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

09/06/2016

ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ।